**PUNJABI**

# *The Spoken Word*

*by*

*WILLIAM MARRION BRANHAM*

## ਫੇਰ ਤੁਸਾਂ ਕਾਹ ਦਾ ਬਪਤਿਸਮਾ ਲਿਆ ?

## (ਰਸੂਲਾਂ ਦੇ ਕਰਤੱਬ ੧੯:੩)

## UNTO WHAT THEN WERE YE BAP-TIZED ?

ਬੋਲਿਆ ਹੋਇਆ ਵਚਨ ਹੀ ਮੂਲ ਬੀਜ ਹੈ

# ਫੇਰ ਤੁਸਾਂ ਕਾਹ ਦਾ ਬਪਤਿਸਮਾ ਲਿਆ ?
# (ਰਸੂਲਾਂ ਦੇ ਕਰਤੱਬ ੧੯:੩)
# UNTO WHAT THEN WERE YE BAP-TIZED ?

ਬਪਤਿਸਮਾ ਮਸੀਹੀ ਕਲੀਸੀਯਾ ਦਾ ਇੱਕ ਭਾਗ ਰਿਹਾ ਹੈ ਜਦੋਂ ਤੋਂ ਯੂਹੰਨਾਂ ਬਪਤਿਸਮਾ ਦੇਣ ਵਾਲਾ ਸਾਡੇ ਪ੍ਰਭੂ ਯਿਸੂ ਮਸੀਹ ਦੀ ਆਮਦ ਦਾ ਅਗਰਦੂਤ ਬਣ ਕੇ ਆਇਆ ਸੀ। ਯੂਹੰਨਾਂ ਤੋਬਾ ਦੇ ਲਈ ਯਰਦਨ ਦਰਿਆ ਵਿੱਚ ਬਪਤਿਸਮਾ ਦਿੰਦਾ ਸੀ (ਮੱਤੀ ੩) ਅਤੇ ਉਹਦਾ ਸੰਦੇਸ਼ ਯਿਸੂ ਮਸੀਹ ਨੂੰ ਪ੍ਰਭੂ ਜਾਣ ਕੇ ਕਬੂਲ ਕਰਨ ਵਾਸਤੇ ਲੋਕਾਂ ਦੇ ਦਿਲਾਂ ਨੂੰ ਤਿਆਰ ਕਰਨਾ ਸੀ (ਯਸਾਯਾਹ ੪੦:੩)। ਯਿਸੂ ਨੂੰ ਖੁਦ ਵੀ ਯੂਹੰਨਾਂ ਨੇ ਹੀ ਬਪਤਿਸਮਾ ਦਿੱਤਾ ਸੀ (ਮੱਤੀ ੩:੧੩-੧੫) ਅਤੇ ਉਹ ਸਾਡੀ ਉਦਾਹਰਣ ਹੈ।

ਬਹੁਤ ਸਾਰੇ ਲੋਕ ਜਿਹੜੇ ਅੱਜ ਯਿਸੂ ਮਸੀਹ ਨੂੰ ਮੁਕਤੀਦਾਤਾ ਅਤੇ ਪ੍ਰਭੂ ਕਰਕੇ ਕਬੂਲ ਕਰਦੇ ਹਨ ਉਹਨਾਂ ਨੂੰ ਉਹਨਾਂ ਦੇ ਗਿਰਜਿਆਂ ਵਿੱਚ ਪਿਤਾ, ਪੁੱਤਰ, ਅਤੇ ਪਵਿੱਤ੍ਰ ਆਤਮਾ ਦੇ ਖਿਤਾਬਾਂ ਵਿੱਚ ਬਪਤਿਸਮਾ ਦਿੱਤਾ ਗਿਆ ਹੈ, ਪਰਮੇਸ਼ੁਰ ਦੇ ਬਚਨ ਦੇ ਇਖਤਿਆਰ ਉਤੇ (ਮੱਤੀ ੨੮:੧੯) ਇਸ ਲਈ ਤੁਸੀ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਉ ਅਤੇ ਉਨਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤ੍ਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਉ।"

ਇਹ ਉਹੋ ਹੀ ਮਨੁੱਖ, ਜਿਹੜੇ ਪਰਮੇਸ਼ੁਰ ਦੇ ਹਰੇਕ ਬਚਨ ਸੱਚ ਮੰਨਦੇ ਹਨ, ਰਸੂਲਾਂ ਦੇ ਕਰਤੱਬ ੨:੩੮ ਦਾ ਇਨਕਾਰ ਕਰਦੇ ਜਾਂ ਲਾਂਭੇ ਰੱਖਦੇ ਹਨ, " ਤਦ ਪਤਰਸ ਨੇ ਉਹਨਾਂ ਨੂੰ ਆਖਿਆ, ਤੋਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫੀ ਦੇ ਲਈ ਯਿਸੂ ਮਸੀਹ ਦੇ ਨਾਮ ਉਤੇ ਬਪਤਿਸਮਾ ਲਵੇ ਤਾਂ ਪਵਿੱਤ੍ਰ ਆਤਮਾ ਦਾ ਦਾਨ ਪਾਉਗੇ", ਕਿਉਂਕਿ ਉਹਨਾਂ ਦੇ ਗਿਰਜੇ ਦੀ ਸਿਖਿਆ ਦੇ ਅੰਦਰ ਰਸੂਲਾਂ ਦੇ ਕਰਤੱਬ ੨:੩੮ ਦਾ ਪਰਕਾਸ਼ ਨਹੀ ਹੈ, ਇਸ ਲਈ ਉਹ ਪਤਰਸ ਦੇ ਸ਼ਬਦਾਂ ਨੂੰ ਸਾਡੇ ਪ੍ਰਭੂ ਦੇ ਸ਼ਬਦਾਂ ਨਾਲੋਂ ਦੂਜੇ ਦਰਜੇ ਦੇ ਸਮਝਦੇ ਹਨ।

ਯਿਸੂ ਨੇ ਖੁਦ ਮੱਤੀ ੪:੪ ਵਿੱਚ ਆਖਿਆ ਹੈ, " ਮਨੁੱਖ ਕੇਵਲ ਰੋਟੀ ਹੀ ਨਾਲ ਜੀਉਂਦਾ ਨਹੀ ਰਹੇਗਾ, ਪਰ ਹਰੇਕ ਬਚਨ ਨਾਲ ਜੋ ਪਰਮੇਸ਼ੁਰ ਦੇ ਮੂੰਹੋ ਨਿਕਲਦਾ ਹੈ।" ਇਸ ਲਈ ਇਹ ਪ੍ਰਸ਼ਨ ਉਠਦਾ ਹੈ ਕਿ ਰਸੂਲਾਂ ਦੇ ਕਰਤੱਬ ੨:੩੮ ਵਿੱਚ ਪਤਰਸ ਦੇ ਆਖੇ ਹੋਏ ਸ਼ਬਦ ਕੀ ਜੋ ਯਿਸੂ ਨੇ ਮੱਤੀ ੨੮:੧੯ ਵਿੱਚ ਆਖਿਆ ਉਹਦੇ ਵਿਪਰੀਤ ਹਨ ?

ਪਰਮੇਸ਼ੁਰ ਦੇ ਬਚਨ ਆਪਣੇ ਆਪ ਦੇ ਵਿਪਰੀਤ ਨਹੀ ਹੈ, ਤਦ ਭੀ ਮਨੁੱਖੀ ਸਮਝ ਦੇ ਅਨੁਸਾਰ ਇਹ ਇੰਜ ਜਾਪੇਗਾ ਕਿ ਪਰਮੇਸ਼ੁਰ ਦਾ ਨਾ ਬਦਲਣ ਵਾਲੇ ਬਚਨ ਵਿੱਚ ਜੋ ਇਕ ਦੂਜੇ ਦੇ ਵਿਪਰੀਤ ਬਿਆਨ ਪਾਏ ਜਾਂਦੇ ਹਨ।

ਕਿਰਪਾ ਕਰਕੇ ਇਹਨਾਂ ਵਿਚਾਰਾਂ ਉਤੇ ਧਿਆਨ ਦਿਉ। ਇਹਦਾ ਕੋਈ ਜ਼ਰੂਰ ਹੀ ਜਵਾਬ ਹੋਵੇਗਾ ਕਿਉਂਕਿ ਪਰਮੇਸ਼ੁਰ ਦਾ ਬਚਨ ਸੱਚ ਹੈ (ਯੂਹੰਨਾਂ ੧੭:੧੭) ਅਤੇ ਇਸ ਸਚਾਈ ਨੇ ਵਿਅਕਤੀਗਤ ਤੌਰ ਤੇ ਤੁਹਾਡੇ ਲਈ ਇੱਕ ਪਰਕਾਸ਼ ਹੋਣਾ ਹੈ ਜੇ ਤੁਸੀ ਪ੍ਰਭੂ ਯਿਸੂ ਮਸੀਹ ਨੂੰ ਜਾਨਣਾ ਜਾਂ ਉਹਦੇ ਦੁਆਰਾ ਜਾਣੇ ਜਾਣਾ ਚਾਹੁੰਦੇ ਹੋ। ਉਹਦੀ ਆਮਦ ਉਹਦੀ ਕਲੀਸੀਆ ਦੇ ਲਈ ਬਹੁਤ ਨਿਕਟ ਹੈ।

ਕਾਰਣ ਕੀ ਹੈ ਕਿ ਸੱਚੇ ਤੇ ਖਰੇ ਲੋਕ ਅੱਜ ਕੁਰਾਹੇ ਪਾਏ ਗਏ ਹਨ, ਕੁਝ ਮੁਆਮਲਿਆਂ ਵਿੱਚ ਤਾਂ ਬੌਂਦਲ ਗਏ ਹਨ, ਉਹ ਇਹ ਹੈ ਕਿ ਜੱਥੇਬੰਦ ਗਿਰਜਿਆ ਦੇ ਸਿਧਾਂਤ ਨੇ ਪਵਿੱਤ੍ਰ ਆਤਮਾ ਦੇ ਦੁਆਰਾ ਦਿੱਤੇ ਗਏ ਪਰਮੇਸ਼ੁਰ ਦੇ ਬਚਨ ਦੇ ਪਰਕਾਸ਼ ਦੀ ਥਾਂ ਲੈ ਲਈ ਹੈ।

ਪਿਤਾ, ਪੁੱਤਰ ਅਤੇ ਪਵਿੱਤ੍ਰ ਆਤਮਾ ਦਾ ਨਾਂ ਕੀ ਹੈ ? ਬਥੇਰੇ ਜਿਹੜੇ ਇਸ ਪਰਚੇ ਨੂੰ ਪੜ੍ਹਨਗੇ ਉਹਨਾਂ ਦਾ ਪਹਿਲਾਂ ਹੀ ਮਿਸ਼ਨ ਦੇ ਗਿਰਜੇ ਵਿੱਚ ਬਪਤਿਸਮਾ ਹੋ ਚੁੱਕਿਆ ਹੈ, ਮੱਤੀ ੨੮:੧੯ ਦੇ ਅਨੁਸਾਰ ਜਾਂ ਤਾਂ ਡੁੱਬਕੀ ਦਾ ਤੇ ਜਾਂ ਛਿੱਟੇ ਦਾ, ਅਤੇ ਤਦ ਭੀ ਉਹ ਉਸ ਨਾਂ ਨੂੰ ਨਹੀ ਜਾਣਦੇ ਹਨ। ਅਤੇ ਹੋਰ ਦੂਜੇ ਪਾਣੀ ਵਿੱਚ ਬਪਤਿਸਮਾ ਲੈਣ ਦੀ ਸੋਚ ਰਹੇ ਹੋਣਗੇ, ਅਤੇ ਤੁਹਾਨੂੰ ਬਪਤਿਸਮਾ ਲੈਣ ਤੋਂ ਪਹਿਲਾਂ ਨਾਂ ਨੂੰ ਜਾਣ ਲੈਣਾ ਜ਼ਰੂਰੀ ਹੈ।

ਪਿਤਾ ਨਾਂ ਨਹੀਂ ਹੈ; ਪੁੱਤਰ ਨਾਂ ਨਹੀ ਹੈ; ਪਵਿੱਤ੍ਰ ਆਤਮਾ ਨਾਂ ਨਹੀ ਹੈ। ਕੀ ਤੁਹਾਡੇ ਬੈਂਕ ਖਾਤੇ ਦੇ ਚੈਕ ਉਤੇ ਜੇ ਤੁਸੀਂ ਪਿਤਾ, ਪੁੱਤਰ ਜਾਂ ਦਾਦਾ ਸ਼ਬਦ ਲਿਖ ਕੇ ਦਸਤਖਤ ਕਰਦੇ ਹੋ ਤਾਂ ਕੀ ਇਹ ਅਜੀਬ ਗੱਲ ਨਹੀ ਹੋਵੇ ਗੀ ? ਤੁਸੀ ਜਾਣਦੇ ਹੋ ਕਿ ਅਜਿਹਾ ਚੈਕ ਤਾਂ ਬਿਨਾਂ ਕਿਸੇ ਬੁੱਕਤ ਦੇ ਹੋਵੇਗਾ; ਤਦ ਪਿਤਾ, ਪੁੱਤਰ, ਅਤੇ ਪਵਿੱਤ੍ਰ ਆਤਮਾ ਦੇ ਖਿਤਾਬਾਂ ਦੇ ਵਿੱਚ ਬਪਤਿਸਮਾ ਕਾਹਦੇ ਲਈ ਲੈਣਾ ਹੈ ?

ਤੁਸੀ ਆਖ ਸਕਦੇ ਹੋ, " ਯਿਸੂ ਨੇ ਇਸ ਤਰਾਂ ਬਪਤਿਸਮਾ ਲੈਣ ਲਈ ਆਖਿਆ ਹੈ ਤੇ ਮੇਰੇ ਵਾਸਤੇ ਏਨਾਂ ਹੀ ਕਾਫੀ ਹੈ।" ਇਹ ਸੱਚ ਹੈ ਕਿ ਯਿਸੂ ਨੇ ਇਹ ਹੁਕਮ ਦਿੱਤਾ, ਅਤੇ ਮੱਤੀ ੨੮ ਦੀ ੨੦ ਆਇਤ ਵਿੱਚ ਇਹ ਗੱਲ ਪੱਕੀ ਕੀਤੀ ਗਈ ਹੈ ਕਿ ਜੇ ਇਸ ਹੁਕਮ ਦੀ ਸਿੱਖਿਆ ਦਿੱਤੀ ਜਾਵੇ ਅਤੇ ਇਸ ਨੂੰ ਮੰਨਿਆ ਜਾਵੇ ਤਾਂ ਉਹ ਸਦਾ ਸਾਡੇ ਨਾਲ ਹੋਵੇਗਾ।

ਕੀ ਇਹ ਉਹੋ ਹੀ ਯਿਸੂ ਨਹੀਂ ਸੀ ਜਿਹੜਾ ਪੌਲੁਸ ਨੂੰ ਦਮਿਸਕ ਦੀ ਰਾਹ ਉਤੇ ਅੱਗ ਦੇ ਥੰਭੇ ਦੇ ਰੂਪ ਵਿੱਚ ਮਿਲਿਆ, ਜਾਂ ਜਿਦਾਂ ਪਵਿੱਤ੍ਰ ਆਤਮਾ ਨੇ ਪਤਰਸ ਅਤੇ ਬਾਕੀ ੧੧੯ ਜਣਿਆਂ ਨੂੰ ਆਦਮੀ ਅਤੇ ਔਰਤਾਂ ਸਭਨਾਂ ਨੂੰ ਉਤੱਲੀ ਅਟਾਰੀ ਉਤੇ ਪੈਂਤੇਕੁਸਤ ਦੇ ਦਿਨ ਭਰਿਆ ਸੀ ? ਰਸੂਲਾਂ ਦੇ ਕਰਤੱਬ (੨:੧–੪)।

ਯਿਸੂ ਨੇ ਯੂਹੰਨਾਂ ੧੪:੧੬–੧੮ ਵਿੱਚ ਆਖਿਆ, " ਅਤੇ ਮੈਂ ਪਿਤਾ ਕੋਲੋਂ ਮੰਗਾਂਗਾ ਅਰ ਉਹ ਤੁਹਾਨੂੰ ਦੂਜਾ ਸਹਾਇਕ ਬਖਸ਼ੇਗਾ ਭਈ ਉਹ ਸਦਾ ਤੁਹਾਡੇ ਸੰਗ ਰਹੇ। ਅਰਥਾਤ ਸਚਿਆਈ ਦਾ ਆਤਮਾ ਜਿਹਨੂੰ ਜਗਤ ਨਹੀ ਪਾ ਸਕਦਾ ਕਿਉ ਜੋ ਉਹ ਉਸ ਨੂੰ ਵੇਖਦਾ ਨਹੀ, ਨਾ ਉਸ ਨੂੰ ਜਾਣਦਾ ਹੈ।

ਤੁਸੀ ਉਸ ਨੂੰ ਜਾਣਦੇ ਹੋ ਕਿਉਂਕਿ ਉਹ ਤੁਹਾਡੇ ਸੰਗ ਰਹਿੰਦਾ ਹੈ ਅਤੇ ਤੁਹਾਡੇ ਵਿੱਚ ਹੋਵੇਗਾ। ਮੈਂ ਤੁਹਾਨੂੰ ਅਨਾਥ

ਨਹੀ ਛੱਡਾਂਗਾ ਮੈਂ ਤੁਹਾਡੇ ਕੋਲ ਆਵਾਂਗਾ।" ਇਹ ਸਾਡਾ ਪ੍ਰਭੂ ਯਿਸੂ ਮਸੀਹ ਸੀ, ਜਿਹੜਾ ਸਲੀਬ ਦਿੱਤੇ ਜਾਣ ਬਾਦ ਮੁਰਦਿਆਂ ਵਿੱਚੋਂ ਜੀ ਉਠਿਆ ਸੀ, ਜਿਹੜਾ ਪਤਰਸ ਦੇ ਵਿੱਚੋਂ ਦੀ ਰਸੂਲਾਂ ਦੇ ਕਰਤੱਬ ੨:੧੪–੩੬ ਆਇਤ ਬਾਣੀ ਬੋਲਿਆ, ਅਤੇ ਜਿਹੜੇ ਸ਼ਬਦ ਬੋਲੇ ਗਏ ਸਨ ਸੁਨਣ ਵਾਲਿਆਂ ਦੇ ਦਿਲ ਛਿਦ ਗਏ ਜਿਹਨਾਂ ਨੇ ਯਿਸੂ ਨੂੰ ਸੂਲੀ ਚਾੜਿਆ ਸੀ, ਇਹਨਾਂ ਸ਼ਬਦਾਂ ਦੇ ਕਾਰਣ ਉਹ ਕੁਰਲਾ ਉਠੇ, " ਹੇ ਭਾਈਉ ਅਸੀਂ ਕੀ ਕਰੀਏ ?" (ਰਸੂਲਾਂ ਦੇ ਕਰਤੱਬ ੨:੩੭) ਤਦ ੩੮ ਆਇਤ ਵਿੱਚ, ਪ੍ਰਭੂ ਯਿਸੂ, ਅਜੇ ਵੀ ਪਤਰਸ ਦੇ ਰਾਹੀ ਬੋਲ ਰਿਹਾ ਸੀ, ਆਖਿਆ, "ਤੋਬਾ ਕਰੋ, ਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫੀ ਦੇ ਲਈ ਪ੍ਰਭੂ ਯਿਸੂ ਮਸੀਹ ਦੇ ਨਾਮ ਉਤੇ ਬਪਤਿਸਮਾ ਲਵੇ, ਤਾਂ ਤੁਸੀ ਪਵਿੱਤ੍ਰ ਆਤਮਾ ਦਾ ਦਾਨ ਪਾਉਗੇ।"

ਜਦ ਯਿਸੂ ਨੇ ਮੱਤੀ ੨੮:੧੯ ਵਿੱਚ ਆਖਿਆ ਕਿ ਪਿਤਾ ਪੁੱਤਰ, ਅਤੇ ਪਵਿੱਤ੍ਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਲਉ, ਅਤੇ ਉਹ ਆਪਣੇ ਨਾਮ ਅਤੇ ਆਪਣੇ ਆਪ ਦੇ ਪਰਕਾਸ਼ ਦੀ ਸਚਾਈ ਦੇ ਬਾਰੇ ਬੋਲ ਰਿਹਾ ਸੀ, ਅਤ ਹਰੇ ਕ ਨਵਾਂ ਜਨਮ ਪਾਇਆ ਹੋਇਆ ਪਵਿੱਤ੍ਰ ਆਤਮਾ ਨਾਲ ਭਰਿਆ ਹੋਇਆ ਪਰਮੇਸ਼ੁਰ ਦਾ ਹਰੇਕ ਬੱਚਾ ਆਪਣੇ ਸੁਰਗੀ ਪਿਤਾ ਦੇ ਨਾਮ ਨੂੰ ਜਾਣੇਗਾ, ਅਤੇ ਪਾਣੀ ਦੇ ਵਿੱਚ ਉਹਦੇ ਨਾਮ ਦਾ ਬਪਤਿਸਮਾ ਲਵੇਗਾ। ਯਿਸੂ ਨੇ ਪਿਤਾ ਦਾ ਨਾਮ ਪ੍ਰਗਟ ਕੀਤਾ । (ਯੂਹੰਨਾ ੧੭:੬)

ਪਿਤਾ, ਪੁੱਤਰ ਅਤੇ ਪਵਿੱਤ੍ਰ ਆਤਮਾ ਦਾ ਨਾਮ ਪ੍ਰਭੂ ਯਿਸੂ ਮਸੀਹ ਹੈ, ਅਤੇ ਇਕ ਮਸੀਹੀ ਨਿਹਚਾਵਾਨ ਦੇ ਬਪਤਿਸਮੇ ਦਾ ਇੱਕੋ ਇਕ ਹੀ ਤਰੀਕਾ ਹੈ ਅਤੇ ਉਹ ਇਹ ਹੈ ਕਿ ਉਸ ਪਰਤੀਤਵਾਨ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਜਾਵੇ।

ਅਤੇ ਛਿੱਟੇ ਦਾ ਬਪਤਿਸਮਾ ਨਹੀਂ ਪਰ ਡੁੱਬਕੀ ਦਾ ਬਪਤਿਸਮਾ ਜਿਵੇਂ ਯਿਸੂ ਦਾ ਵੀ ਹੋਇਆ ਸੀ, ਉਸ ਕੋਲੋਂ ਬਪਤਿਸਮਾ ਲਿਆ ਜਾਵੇ ਜਿਹੜਾ ਪਵਿੱਤ੍ਰ ਆਤਮਾ ਨਾਲ ਭਰਿਆ ਹੋਇਆ ਹੋਵੇ ਤੇ ਜਿਹਦੇ ਕੋਲ ਇਹ ਪਰਕਾਸ਼ ਹੋਵੇ।

ਜੇ ਤੁਹਾਡਾ ਬਪਤਿਸਮਾ ਖਿਤਾਬਾਂ ਵਿੱਚ ਹੋਇਆ ਹੈ, ਤਾਂ ਤੁਹਾਨੂੰ ਦੁਬਾਰਾ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈਣਾ ਚਾਹੀਦਾ ਹੈ। ਹਰੇਕ ਮਸੀਹੀ ਜਨ ਦਾ ਬਪਤਿਸਮਾ ਰਸੂਲਾਂ ਦੇ ਕਰਤੱਬ ੨:੩੮ ਦੇ ਅਨੁਸਾਰ ਹੋਣਾ ਹੈ, ਹਰੇਕ ਨੂੰ ਇਸ ਆਇਤ ਦੇ ਅਨੁਸਾਰ ਬਪਤਿਸਮਾ ਦੇਣਾ ਜਰੂਰੀ ਹੈ, ਪਵਿੱਤ੍ਰ ਆਤਮਾ ਦੇ ਦਾਨ ਨੂੰ ਪਾਉਣ ਦੇ ਲਈ ਇਹ ਪਰਮੇਸ਼ੁਰ ਦਾ ਬਖਸ਼ਿਆ ਹੋਇਆ ਤਰੀਕਾ ਹੈ। ਕੁੱਲਸੀਆਂ ੩:੧੭ ਆਖਦੀ ਹੈ, "ਅਤੇ ਸਭ ਕੁਝ ਜੋ ਤੁਸੀ ਕਰੋ ਭਾਵੇਂ ਬਚਨ ਭਾਵੇਂ ਕਰਮ ਸੱਭੇ ਹੀ ਪ੍ਰਭੂ ਯਿਸੂ ਦੇ ਨਾਮ ਉਤੇ ਕਰੋ ਅਰ ਉਹਦੇ ਰਾਹੀਂ ਪਿਤਾ ਪਰਮੇਸ਼ੁਰ ਦਾ ਧੰਨਵਾਦ ਕਰੋ।" ਯਕੀਨਨ ਬਪਤਿਸਮਾ ਤਾਂ ਇਕਰਾਰ ਅਤੇ ਕਰਮ ਦਾ ਹੀ ਬਚਨ ਹੈ। ਪਰਮੇਸ਼ੁਰ ਦੇ ਬਚਨ ਵਿੱਚ ਮਨੁੱਖਾਂ ਦੀ ਤਸਲੀਸ ਦੇ ਪਰਮੇਸ਼ੁਰ ਵਾਲਾ ਕੋਈ ਹਵਾਲਾ ਨਹੀਂ ਹੈ। ਤਸਲੀਸ ਦੀ ਸਿਖਿਆ ਲਿਖਤਾਂ ਦੇ ਵਿਰੁੱਧ ਹੈ ਅਤੇ ਇਹ ਗਲਤੀ ਹੈ। ਯੂਹੰਨਾਂ ੪:੨੪ " ਪਰਮੇਸ਼ੁਰ ਆਤਮਾ ਹੈ ਅਤੇ ਜੋ ਉਹ ਦੀ ਭਗਤੀ ਕਰਦੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਭਈ ਉਹ ਆਤਮਾ ਅਤੇ ਸਚਿਆਈ ਨਾਲ ਭਗਤੀ ਕਰਨ।" ਮਰਕੁਸ ੧੨:੨੯ ਵਿੱਚ ਇੰਜ ਆਖਿਆ ਗਿਆ ਹੈ, " ਹੇ ਇਸਰਾਏਲ, ਸੁਣ। ਪ੍ਰਭੂ ਸਾਡਾ ਪਰਮੇਸ਼ੁਰ ਇੱਕੋ ਪ੍ਰਭੂ ਹੈ।" ਅਤੇ ਅਫਸੀਆਂ ੪:੫–੬ ਵੀ, "ਇੱਕੋ ਪ੍ਰਭੂ, ਇੱਕੋ ਨਿਹਚਾ, ਇੱਕੋ ਬਪਤਿਸਮਾ ਹੈ। ਇੱਕੋਂ ਪਰਮੇਸ਼ੁਰ ਅਤੇ ਪਿਤਾ ਸਭਨਾਂ ਦਾ ਹੈ ਜਿਹੜਾ ਸਭਨਾਂ ਦੇ ਉਤੇ, ਸਭਨਾਂ ਦੇ ਵਿੱਚ, ਅਤੇ ਸਭਨਾਂ ਦੇ ਅੰਦਰ ਹੈ।

ਤਸਲੀਸ ਦੀ ਸਿਖਿਆ ਅਤੇ ਪਿਤਾ, ਪੁੱਤਰ, ਅਤੇ ਪਵਿਤ੍ਰ ਆਤਮਾ ਦੇ ਖਿਤਾਬਾਂ ਦਾ ਬਪਤਿਸਮਾ, ਜੋ ਕਿ ਪਹਿਲੀ ਫਿਰਕਾਪਰਸਤ ਮਿਸ਼ਨ ਰੂਪੀ ਕਲੀਸੀਯਾ ਅਤੇ ਦੂਜੀਆਂ ਜੱਥੇਬੰਦ ਕਲੀਸੀਯਾਂ ਦਾ ਅਧਾਰ ਹੈ, ਲਗਭਗ ੩੨੫ ਈਸਵੀ ਵਿੱਚ ਨੀਸੀਆ ਸਭਾ ਦੇ ਅੰਦਰ ਇਸ ਸਿਖਿਆ ਨੂੰ ਕਲੀਸੀਯਾ ਦੀ ਸਿਖਿਆ ਕਰਕੇ ਕਬੂਲ ਕੀਤਾ ਗਿਆ, ਅਤੇ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀ ਇਸ ਦੀ ਪਕਿਆਈ ਵਾਸਤੇ ਆਪਣੀ ਲਾਇਬਰੇਰੀ ਦੇ ਅੰਦਰ ਇਸ ਸਭਾ ਦੇ ਦਸਤਾਵੇਜਾਂ ਨੂੰ ਪੜੋ।

ਪ੍ਰਭੂ ਯਿਸੂ ਮਸੀਹ ਦਾ ਪਰਕਾਸ਼ ਉਹ ਚਟਾਨ ਹੈ ਜਿਹਦੇ ਉਤੇ ਕਲੀਸੀਯਾ ਮਸੀਹ ਦੀ ਦੇਹ ਹੋਣ ਦੇ ਨਾਤੇ ਬਣਾਈ ਗਈ ਹੈ (ਮੱਤੀ ੧੬:੧੬–੧੮) ਫਿਰ ਵੀ, ਮਨੁੱਖਾਂ ਦੀ ਸਮਝ ਦੇ ਦੁਆਰਾ ਮਨੁੱਖਾਂ ਦੀ ਤਸਲੀਸ ਦੀ ਸਿਖਿਆ ਅਤੇ ਖਿਤਾਬਾਂ ਵਿੱਚ ਬਪਤਿਸਮਾ ਤਾਂ ਪ੍ਰਭੂ ਯਿਸੂ ਮਸੀਹ ਦੇ ਪਰਕਾਸ਼ ਦੀ ਥਾਂ ਬਦਲ ਦਿੱਤਾ ਗਿਆ ਸੀ ਅਤੇ ਇਹਦੇ ਵਿੱਚੋਂ ਅੱਜ ਦਾ ਇਹ ਜੋ ਅੱਜ ਦੇ ਦਿਨ ਹੈ ਬੱਝੀ ਮਿਸ਼ਨ ਦੀ ਪ੍ਰਬੰਧਕੀ ਪ੍ਰਣਾਲੀ ਦਾ ਅਰੰਭ ਹੋਇਆ ।

ਪਰਮੇਸ਼ੁਰ ਆਤਮਾ ਹੈ (ਯੂਹੰਨਾ ੪:੨੪) ਪਰ ਇਹਦੇ ਤਿੰਨ ਤਰਾਂ ਦੇ ਪ੍ਰਗਟਾਵੇ ਹਨ, ਜਾਂ ਤਿੰਨ ਦਫਤਰਾਂ ਵਿੱਚ ਪ੍ਰਗਟ ਹੁੰਦਾ ਹੈ : ਜਿਵੇਂ ਪਿਤਾ ਜੋ ਕਿ ਸਭਨਾਂ ਦਾ ਸ੍ਰਿਸ਼ਟੀ ਕਰਤਾ ਹੈ, ਯਿਸੂ ਸਾਡੇ ਮੁਕਤੀ ਦਾਤੇ ਦੇ ਮਾਸ ਅਤੇ ਲਹੂ ਦੇ ਸਰੀਰ ਵਿੱਚ ਪਰਕਾਸ਼ਤ ਜਾਂ ਪਰਗਟ ਹੋਇਆ ਅਤੇ ਪਵਿੱਤ੍ਰ ਆਤਮਾ ਦੇ ਨਾਤੇ ਉਹਨੇ ਆਪਣੇ ਆਪ ਦਾ ਪਰਕਾਸ਼ ਤੁਹਾਨੂੰ ਦੇਣਾ ਹੈ ਆਪਣੇ ਬਚਨ ਦੇ ਦੁਆਰਾ ਹੁਣ ਵੀ ਜਦ ਤੁਸੀਂ ਪੜਦੇ ਹੋ।

ਪਰਮੇਸ਼ੁਰ ਆਤਮਾ ਹੈ ਜੋ ਕਿ ਨਿਸਤਾਰਾ ਕਰਨ ਆਇਆ ਉਹਨਾਂ ਦਾ ਆਪਣੇ ਨਾਲ ਮੇਲ ਕਰਾਉਣ ਲਈ ਜਿਹੜੇ ਗਵਾਚ ਗਏ ਸਨ, ਆਪਣੇ ਪੁੱਤਰ ਦੇ ਮਾਸ ਅਤੇ ਲਹੂ ਦੀ ਦੇਹ ਵਿੱਚ ਆਉਣ ਦੇ ਦੁਆਰਾ। (ਇਬਰਾਨੀਆਂ ੧੦:੫)। ਪੁੱਤਰ, ਇਹ ਸਰੀਰ ਸੀ, ਜੋ ਕਿ ਕੁੰਵਾਰੀ ਤੋਂ ਪੈਦਾ ਹੋਇਆ ਸੀ, ਜਿਵੇਂ ਕਿ ਇਹ ਜਰੂਰੀ ਸੀ ਕਿ ਅਦਨ ਬਾਗ ਵਿੱਚ ਹੋਇਆ ਅਸਲੀ ਪਾਪ ਟਪਿਆ ਜਾਏ। ਅਤੇ ਉਹਦੇ ਉਤੇ ਪਵਿੱਤ੍ਰ ਆਤਮਾ ਨੇ ਸਾਇਆ ਕੀਤਾ (ਲੂਕਾ ੧:੩੫) ਕੀ ਯਿਸੂ ਜੋ ਪੁੱਤਰ ਸੀ ਉਹਦੇ ਦੋ ਪਿਤਾ ਸਨ ?

ਤਸਲੀਸ ਅਤੇ ਵਨਨੈਸ (Oneness) ਮਿਸ਼ਨ ਵਾਲੇ ਲੋਕ ਦੋਵੇਂ ਹੀ ਗਲਤ ਹਨ। ਪਰਮੇਸ਼ੁਰ ਦਾ ਬਚਨ ਪ੍ਰਭੂ ਯਿਸੂ ਮਸੀਹ ਦਾ ਪਰਕਾਸ਼ ਦੇਂਦਾ ਹੈ, ਹਰੇਕ ਮਸੀਹੀ ਜਨ ਨੇ ਇਹ ਇਕਰਾਰ ਕਰਨਾ ਹੈ ਕਿ ਯਿਸੂ ਪਰਮੇਸ਼ੁਰ ਦਾ ਪੁੱਤਰ ਹੈ (੧ ਯੂਹੰਨਾਂ ੪:੧੫)

ਯਿਸੂ ਜੋ ਕਿ ਪੁੱਤਰ ਸੀ ਉਹ ਸਰੀਰ ਜਾਂ ਮਾਸ ਅਤੇ ਲਹੂ ਦਾ ਡੇਰਾ ਸੀ ਜਿਹਦੇ ਵਿੱਚ ਪਿਤਾ, ਜੋ ਕਿ ਆਤਮਾ ਸੀ ਵਾਸ ਕੀਤਾ ਜਾਂ ਪ੍ਰਗਟ ਹੋਇਆ। ਇਹ ਗੱਲ ਯਿਸੂ ਨੂੰ ਮਨੁੱਖਾਂ ਦੀ ਤਸਲੀਸ ਦਾ ਦੂਜਾ ਹਿੱਸਾ ਨਹੀਂ ਬਣਾਉਂਦੀ ਜੋ ਕਿ ਪੁੱਤਰ ਹੈ, ਪਰ ਇਹ ਤਾਂ ਪਰਮੇਸ਼ੁਰ ਦਾ ਪ੍ਰਗਟਾਵਾ ਹੈ (ਯੂਹੰਨਾਂ ੧:੧ ਅਤੇ ੧੪) ੧ ਮਾਸ ਅਤੇ ਲਹੂ ਦਾ ਸਰੀਰ ਸਾਡਾ ਬਲੀਦਾਨ ਸੀ ਤਾਂ ਕਿ ਇਸ ਲਹੂ ਦੇ ਦੁਆਰਾ ਅਸੀਂ ਬੜੀ ਦਿਲੇਰੀ ਦੇ ਨਾਲ ਉਹਦੀ ਹਜੂਰੀ ਵਿੱਚ ਆਈਏ (ਇਬਰਾਨੀਆਂ ੧੦:੧੯), ਅਤੇ ਉਹਨੂੰ ਜਾਣਦੇ ਹਾਂ, ਅਤੇ ਉਹਦੇ ਵਿੱਚ ਪਾਏ ਜਾਂਦੇ ਹਾਂ। ੧ ਯੂਹੰਨਾਂ ੫:੨੦, " ਅਤੇ ਅਸੀਂ ਜਾਣਦੇ ਹਾਂ ਜੋ ਪਰਮੇਸ਼ੁਰ ਦਾ ਪੁੱਤਰ ਆਇਆ ਹੈ ਅਤੇ ਸਾਨੂੰ ਬੁੱਧੀ ਦਿੱਤੀ ਹੈ ਭਈ ਅਸੀ ਉਸ ਸੱਚੇ ਨੂੰ ਜਾਣੀਏ ਅਤੇ ਅਸੀ ਉਸ ਸੱਚੇ ਵਿੱਚ ਅਰਥਾਤ ਉਹਦੇ ਪੁੱਤਰ ਯਿਸੂ ਮਸੀਹ ਵਿੱਚ ਹਾਂ। ਸੱਚਾ

ਪਰਮੇਸ਼ੁਰ ਅਤੇ ਸਦੀਪਕ ਜੀਵਨ ਇਹੋ ਹੈ।"

ਬਾਈਬਲ ਸਾਫ ਬਿਆਨ ਕਰਦੀ ਹੈ ਕਿ ਪਰਮੇਸ਼ੁਰ ਦੇਹਧਾਰੀ ਹੋਇਆ ਅਤੇ ਸਾਡੇ ਵਿੱਚ ਵਾਸ ਕੀਤਾ, ਅਤੇ ਯਿਸੂ ਜੋ ਪੁੱਤਰ ਹੈ ਉਹਨੇ ਯੂਹੰਨਾਂ ੧੪:੭ ਵਿੱਚ ਆਖਿਆ ਹੈ ਕਿ, ਆਪਣੇ ਚੇਲਿਆਂ ਨਾਲ ਬੋਲਦੇ ਹੋਏ, " ਜੇ ਤੁਸੀਂ ਮੈਨੂੰ ਜਾਣਦੇ ਤਾਂ ਮੇਰੇ ਪਿਤਾ ਨੂੰ ਭੀ ਜਾਣਦੇ। ਏਦੋਂ ਅੱਗੇ ਤੁਸੀਂ ਉਹਨੂੰ ਜਾਣਦੇ ਅਤੇ ਉਹਨੂੰ ਵੇਖ ਲਿਆ ਹੈ।"

ਜੇ ਉਹ ਯਿਸੂ ਨੂੰ ਜਾਣ ਲੈਂਦੇ। ਕੀ ਉਹਨਾਂ ਨੇ ਉਹਨੂੰ ਜਾਣਿਆ ? ਬੇਸ਼ਕ ਉਹ ਉਹਨੂੰ ਜਾਣਦੇ ਸਨ, ਪਰ ਤਾਂ ਉਹਨੂੰ ਕੇਵਲ ਇੱਕ ਮਨੁੱਖ ਦੇ ਰੂਪ ਵਿੱਚ ਜਾਣਦੇ ਸਨ, ਅਤੇ ਉਹਨਾਂ ਨੂੰ ਪਰਮੇਸ਼ੁਰ ਦਾ ਪਰਕਾਸ਼ ਨਹੀਂ ਸੀ ਕਿ ਆਤਮਾ ਮਾਸ ਅਤੇ ਲਹੂ ਵਿੱਚ ਪ੍ਰਗਟ ਹੋ ਰਿਹਾ ਹੈ। ਜਿਵੇਂ ਯਿਸੂ ਨੇ ਆਖਿਆ, ਜੇ ਤੁਸੀਂ ਮੈਨੂੰ ਜਾਣਦੇ ਤਾਂ ਮੇਰੇ ਪਿਤਾ ਨੂੰ ਭੀ ਜਾਣਦੇ, " ਅਤੇ ਕੇਵਲ ਪਿਤਾ ਨੂੰ ਜਾਣਿਆ ਹੀ ਨਹੀਂ ਪਰ ਪਿਤਾ ਨੂੰ ਵੇਖ ਭੀ ਲਿਆ। ਇਹ ਉਹ ਪਰਕਾਸ਼ ਹੈ ਕਿ ਪਰਮੇਸ਼ੁਰ ਜੋ ਇਕ ਆਤਮਾ ਹੈ ਪੁੱਤਰ ਦੇ ਮਾਸ ਅਤੇ ਲਹੂ ਦੇ ਸਰੀਰ ਵਿੱਚ ਆਇਆ ਤੇ ਇਸ ਪਰਕਾਸ਼ ਉੱਤੇ ਮਸੀਹ ਦੀ ਕਲੀਸੀਯਾ ਬਣਾਈ ਗਈ ਹੈ, ਅਤੇ ਹਰੇਕ ਨਵਾਂ ਜਨਮ ਪਾਇਆ ਹੋਇਆ ਪੁੱਤਰ ਅਤੇ ਪੁੱਤਰੀ ਪ੍ਰਭੂ ਦੇ ਨਾਲ ਉਹਦੀ ਆਮਦ ਵਿੱਚ ਜਾਣ ਲਈ ਜਰੂਰ ਹੀ ਇਸ ਪਰਕਾਸ਼ ਨੂੰ ਲਵੇ।

ਯੂਹੰਨਾਂ ੧੪:੧੬–੨੦ ਏਸੇ ਹੀ ਸਚਾਈ ਨੂੰ ਪੱਕਿਆਂ ਕਰਦੀ ਹੈ ਜਦੋਂ ਯਿਸੂ ਸਹਾਇਕ ਦੇ ਬਾਰੇ ਬੋਲ ਰਿਹਾ ਸੀ, ਜੋ ਕਿ ਪਰਤੀਤਵਾਨਾਂ ਦੇ ਲਈ ਅਤੇ ਉਹਨਾਂ ਦੇ ਅੰਦਰ ਪਰਮੇਸ਼ੁਰ ਦਾ ਪ੍ਰਗਟਾਵਾ ਸੀ, ਪੁੱਤਰ ਦਾ ਮਾਸ ਅਤੇ ਲਹੂ ਵਾਲਾ ਸਰੀਰ ਜਦ ਕਲਵਰੀ ਥਾਣੀਂ ਲੰਘ ਗਿਆ ਅਤੇ ਸਹਾਇਕ ਅਜੇ ਉਸ ਸਮੇਂ ਤਕ ਨਹੀਂ ਆਇਆ ਸੀ ਪਰ ਯਿਸੂ ਨੇ ਆਖਿਆ ਸੀ ਕਿ ਉਹ ਸਹਾਇਕ ਨੂੰ ਜਾਣਦੇ ਹਨ। ਕਿਉਂ ? ਕਿਉਂਕਿ ਯਿਸੂ ਹੀ ਪਵਿੱਤ੍ਰ ਆਤਮਾ ਸੀ, ਸਹਾਇਕ ਮਾਸ ਅਤੇ ਲਹੂ ਵਿੱਚ ਪ੍ਰਗਟ ਹੋਇਆ ਸੀ।

ਪਰ ਕਲਵਰੀ ਦੇ ਬਾਦ ਉਹ ਉਹਨਾਂ ਦੇ ਕੋਲ ਆਵੇਗਾ ਅਤੇ ਉਹਨਾਂ ਦੇ ਵਿੱਚ ਹੋਵੇਗਾ।

ਇਹ ਛੋਟੀ ਧਾਰਮਿਕ ਪੁਸਕਤ ਪ੍ਰਭੂ ਯਿਸੂ ਮਸੀਹ ਦੇ ਪਰਕਾਸ਼ ਅਤੇ ਉਹਦੇ ਨਾਮ ਜਿਵੇਂ ਕਿ ਲਿਖਤਾਂ ਵਿੱਚ ਏ ਦਾ ਹਵਾਲਾ ਦਿੱਤਾ ਗਿਆ ਹੈ ਦੇ ਬਾਰੇ ਵਿੱਚ ਜੋ ਸਭ ਕੁਝ ਜੋ ਕੁਝ ਵੀ ਆਖਿਆ ਜਾ ਸਕਦਾ ਹੈ ਸਾਰੀਆਂ ਗੱਲਾਂ ਨੂੰ ਬਿਆਨ ਕਰਨ ਦੇ ਇਰਾਦੇ ਨਾਲ ਨਹੀਂ ਲਿਖੀ ਗਈ ਹੈ, ਪਰ ਇਹ ਤਾਂ ਤੁਹਾਡੇ ਧਿਆਨ ਮਨ ਨੂੰ ਤਸਲੀਸ ਦੀ ਸਿਖਿਆ ਅਤੇ ਤਸਲੀਸ ਦੇ ਖਿਤਾਬਾਂ ਦੇ ਬਪਤਿਸਮੇ ਦੀ ਗਲਤੀ ਵਿੱਚ ਜਗਾਉਣ ਲਈ ਹੈ, ਤਾਂ ਕਿ ਤੁਸੀਂ ਪਰਮੇਸ਼ੁਰ ਦਾ ਬਚਨ ਖੋਜ ਕਿ ਵੇਖੋ ਕਿ ਏਹ ਗੱਲਾਂ ਏਦਾਂ ਹਨ ਕਿ ਨਹੀਂ । (ਰਸੂਲਾਂ ਦੇ ਕਰਤੱਬ ੧੭:੧੧)

ਪਰਮੇਸ਼ੁਰ ਨੇ ਆਪਣੇ ਬਚਨ ਵਿੱਚ ਵਾਇਦਾ ਕੀਤਾ ਹੈ, ਆਪਣੀ ਕਲੀਸੀਯਾ ਦੇ ਲਈ ਸਾਡੇ ਪ੍ਰਭੂ ਯਿਸੂ ਮਸੀਹ ਦੀ ਆਮਦ ਤੋਂ ਪਹਿਲਾਂ, ਉਹ ਏਲੀਆ ਦੀ ਸ਼ਕਤੀ ਅਤੇ ਆਤਮਾ ਵਿੱਚ ਇੱਕ ਨਬੀ ਨੂੰ ਘੱਲੇਗਾ ਜੋ ਕਿ ਪਰਮੇਸ਼ੁਰ ਦੇ ਨਵਾ ਜਨਮ ਪਾਏ ਹੋਏ ਬੱਚਿਆਂ ਨੂੰ ਪਰਮੇਸ਼ੁਰ ਦੇ ਬਚਨ ਦੀ ਵੱਲ ਵਾਪਸ ਮੋੜੇਗਾ, ਅਤੇ ਇਸ ਛੋਟੀ ਧਾਰਮਿਕ ਪੁਸਕਤ ਦੀ ਸਚਾਈ ਅਤੇ ਦੂਜੀਆਂ ਸੱਚਾਈਆਂ ਦੀ ਪਕਿਆਈ ਪ੍ਰਭੂ ਨੇ ਵਿਲੀਅਮ ਬਰਾਨਹਮ ਦੀ ਸੇਵਾ ਦੇ ਦੁਆਰਾ ਕੀਤੀ ਹੈ। (ਮਲਾਕੀ ੪:੫–੬)

ਐਸ ਡੈਨੀਅਲ ਸਮਪਤ ਕੁਮਾਰ
ਡੀ ਓ ਨੰਬਰ 147
ਥਿਰੂਨੀਲਾ ਕਲੋਨੀ
ਵਿਚੋਰ,,, ਚਿਨਈ 600103




**S.DANIEL SAMPATH KUMAR**
*No. 147, Thirunilai colony ,*
*vichoor post , chennai - 600 103*
*E-Mail : sdanielsampathkumar@gmail.com*
*Website : danielendtimebooksministry.org*
*Phone No :* 99419 74213 , 96001 71260